**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ./ਆਈ.ਟੀ./15/3890 ਮਿਤੀ: 26-11-15

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ /ਇਸਤਰੀਆਂ ਲਈ ਸੰਸਥਾਵਾਂ,
ਪੰਜਾਬ।

**ਵਿਸ਼ਾ: ਪੁਰਾਣੀਆਂ ਓ.ਐਮ.ਆਰ. ਸ਼ੀਟਾਂ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕਰਾਫਟਸਮੈਨ ਸਕੀਮ ਅਧੀਨ ਹੋਈ ਐਨ.ਸੀ. ਵੀ.ਟੀ. ਅਤੇ ਐਸ.ਸੀ. ਵੀ.ਟੀ. ਪ੍ਰੀਖਿਆ ਜੁਲਾਈ ਅਗਸਤ 2015 ਦੌਰਾਨ ਇਹ ਧਿਆਨ ਵਿੱਚ ਆਇਆ ਹੈ ਕਿ ਕਈ ਪ੍ਰੀਖਿਆ ਸੈਂਟਰਾਂ ਵਲੋਂ ਬੋਰਡ ਵਲੋਂ ਜਾਰੀ ਪੈਕਿੰਗ ਸਬੰਧੀ ਹਦਾਇਤਾਂ ਦੀ ਪਾਲਨਾ ਨਹੀਂ ਕੀਤੀ ਗਈ ਹੈ। ਕਈ ਸੰਸਥਾਵਾਂ ਵਲੋਂ ਐਨ.ਸੀ.ਵੀ. ਟੀ. ਦੀ ਓ.ਐਮ.ਆਰ. ਸ਼ੀਟਾਂ ਸਫੇਦ ਰੰਗ ਦੇ ਬੈਗ ਦੀ ਥਾਂ ਤੇ ਹਰੇ ਰੰਗ ਦੇ ਬੈਗ ਵਿੱਚ ਪੈਕ ਕਰਕੇ ਭੇਜਿਆ ਗਈਆਂ ਹਨ। ਜਿਸ ਕਾਰਨ ਇਹ ਓ.ਐਮ.ਆਰ. ਸ਼ੀਟਾਂ ਡੀ. ਜੀ.ਟੀ. ਨਵੀਂ ਦਿੱਲੀ ਨੂੰ ਭੇਜਣ ਵਿੱਚ ਕਾਫੀ ਔਕੜਾਂ ਪੇਸ਼ ਆਇਆ ਹਨ। ਇਸ ਤੋਂ ਇਲਾਵਾ ਕਈ ਸੰਸਥਾਵਾਂ ਵਲੋਂ ਪ੍ਰੀਖਿਆ ਫਰਵਰੀ 2015 ਦੌਰਾਨ ਦੀ ਓ.ਐਮ.ਆਰ. ਸ਼ੀਟਾਂ ਹੀ ਪ੍ਰੀਖਿਆ ਦੌਰਾਨ ਵਰਤੋ ਵਿੱਚ ਲਿਆਈ ਗਈ ਹੈ।

ਉਪਰੋਕਤ ਦੇ ਸਬੰਧ ਵਿੱਚ ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਐਨ.ਸੀ.ਵੀ.ਟੀ. ਅਤੇ ਐਸ.ਸੀ.ਵੀ.ਟੀ. ਪ੍ਰੀਖਿਆਵਾਂ ਦੌਰਾਨ ਜਿਹੜੀ ਓ.ਐਮ.ਆਰ. ਸ਼ੀਟਾਂ ਪ੍ਰਯੋਗ ਵਿੱਚ ਨਹੀਂ ਆਇਆ ਹਨ, ਉਹਨਾਂ ਓ.ਐਮ.ਆਰ. ਸ਼ੀਟਾਂ ਨੂੰ ਐਸ.ਸੀ.ਵੀ.ਟੀ. ਅਤੇ ਐਨ.ਸੀ.ਵੀ.ਟੀ. ਦੇ ਪੈਕਟ ਬਣਾ ਕੇ ਬੋਰਡ ਦਫਤਰ ਦੇ ਸਟੋਰ ਵਿੱਚ ਮਿਤੀ:-15 ਦਸੰਬਰ 2015 ਤੱਕ ਜਮ੍ਹਾਂ ਕਰਵਾਈਆਂ ਜਾਣ। ਪ੍ਰੀਖਿਆ ਦੌਰਾਨ ਕੋਈ ਵੀ ਸੰਸਥਾ ਪੁਰਾਣੀਆਂ ਪਈਆਂ ਓ.ਐਮ.ਆਰ. ਸ਼ੀਟਾਂ ਪ੍ਰਯੋਗ ਵਿੱਚ ਨਹੀਂ ਲਿਆਏਗੀ।

ਉਪਰੋਕਤ ਤੋਂ ਇਲਾਵਾ ਜੇਕਰ ਕਿਸੇ ਵੀ ਪ੍ਰੀਖਿਆ ਸੈਂਟਰ ਵਲੋਂ ਪੈਕਿੰਗ ਕਰਨ ਵਿੱਚ ਅਤੇ ਗਲਤ ਓ. ਐਮ. ਆਰ. ਸ਼ੀਟਾਂ ਪ੍ਰਯੋਗ ਵਿੱਚ ਲਿਆਉਣ ਸਬੰਧੀ ਕਿਸੇ ਵੀ ਕਿਸਮ ਦੀ ਅਣਗਹਿਲੀ ਕੀਤੀ ਜਾਂਦੀ ਹੈ ਤਾਂ ਰਿਜਲਟ ਵਿੱਚ ਦੇਰੀ ਹੋਣ ਜਾਂ ਰਿਜਲਟ ਕੈਂਸਿਲ ਹੋਣ ਦੀ ਸੂਰਤ ਵਿੱਚ ਪੂਰਨ ਜਿੰਮੇਵਾਰੀ ਸੰਸਥਾ ਦੇ ਮੁੱਖੀ/ਪ੍ਰਿੰਸੀਪਲ ਦੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਰਵਿੰਦਰ ਸਿੰਘ,
ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)